# ਤੁਹਾਡੇ ਬੇਬੀ ਦੀ ਹੀਰਿੰਗ ਦਾ ਸਕਰੀਨ ਕਰਨਾ



## ਸੁਣਨ-ਸ਼ਕਤੀ ਦੀ ਘਾਟ ਲਈ ਅਸੀਂ ਸਕਰੀਨ ਕਿਉਂ ਕਰਦੇ ਹਾਂ?

1,000 ਵਿੱਚੋਂ 1 ਬੇਬੀ ਨੂੰ ਸੁਣਨ-ਸ਼ਕਤੀ ਦੀ ਘਾਟ ਹੁੰਦੀ ਹੈ। ਪੰਜ ਸਾਲ ਉਮਰ ਤੀਕ ਦੋ ਹੋਰ ਬੇਬੀਆਂ ਨੂੰ ਸੁਣਨ-ਸ਼ਕਤੀ ਘਾਟ ਹੁੰਦੀ ਹੈ। ਬੱਚੇ ਕੁਝ ਸ਼ੋਰ ਸੁਣ ਸਕਦੇ ਹਨ ਪਰ ਕੁਝ ਹੋਰ ਸ਼ੋਰ ਨਹੀਂ ਸੁਣ ਸਕਦੇ ਜਿਸ ਨਾਲ ਉਨ੍ਹਾਂ ਨੂੰ ਬੋਲਣ ਅਤੇ ਭਾਸ਼ਾ ਸਿੱਖਣ ਵਿੱਚ ਕਠਨਾਈ ਆਉਂਦੀ ਹੈ। ਇਸ ਨਾਲ ਵਿਵਹਾਰਿਕ ਤੇ ਭਾਵਾਤਮਿਕ ਚਣੌਤੀਆਂ ਪੈਦਾ ਹੋ ਸਕਦੀਆਂ ਹਨ।

ਇੰਨਫ਼ੈਂਟ ਹੀਅਰਿੰਗ ਪ੍ਰੋਗਰਾਮ ਹਸਪਤਾਲ ਜਾਂ ਭਾਈਚਾਰਿਕ ਸੈਟਿੰਗ ਵਿੱਚ ਨਵਜੰਮਿਆਂ ਦੀ ਸੁਣਨ-ਸ਼ਕਤੀ ਦੀ ਸਕਰੀਨਿੰਗ ਮੁਹੱਈਆ ਕਰਦਾ ਹੈ ਅਤੇ

- ਨਵਜੰਮਿਆਂ ਦੀ ਸੁਣਨ-ਸ਼ਕਤੀ ਦੀ ਸਦੀਵੀ ਘਾਟ ਦੀ ਸ਼ਨਾਖ਼ਤ ਕਰਦਾ ਹੈ
- ਭਾਸ਼ਾਈ ਵਿਕਾਸ ਦਾ ਸਮਰਥਨ ਕਰਦਾ ਹੈ ਤਾਂਜੋ ਉਹ ਸਕੂਲ ਸ਼ੁਰੂ ਕਰਨ ਲਈ ਤਿਆਰ ਹੋ ਜਾਣ
- ਸੁਣਨ-ਸ਼ਕਤੀ ਦੀ ਘਾਟ ਵਧਣ ਦੇ ਖ਼ਤਰੇ ਵਾਲੇ ਬੱਚਿਆਂ ਦੀ ਸ਼ਨਾਖ਼ਤ ਤੇ ਨਿਗਰਾਨੀ ਕਰਦਾ ਹੈ

## ਹੀਰਿੰਗ ਸਕਰੀਨ ਦੇ ਨਤੀਜੇ

- ☐ **ਪਾਸ** - ਬੇਬੀ ਨੂੰ ਦੋਹਾਂ ਕੰਨਾਂ ਤੋਂ ਸੁਣਦਾ ਹੈ
- ☐ **ਪਾਸ ਪਰ ਖ਼ਤਰਾ ਹੈ** - ਬੇਬੀ ਨੂੰ ਦੋਹਾਂ ਕੰਨਾਂ ਤੋਂ ਸੁਣਦਾ ਹੈ ਪਰ ਸੁਣਨ-ਸ਼ਕਤੀ ਦੀ ਘਾਟ ਹੋ ਜਾਣ ਦਾ ਖ਼ਤਰਾ ਹੈ। ਜਦੋਂ ਬੇਬੀ 15 ਤੋਂ 18 ਮਹੀਨਿਆਂ ਦਾ ਹੋ ਜਾਂਦਾ ਹੈ ਤਾਂ ਇੰਨਫ਼ੈਂਟ ਹੀਰਿੰਗ ਪ੍ਰੋਗਰਾਮ ਦੇ ਆਡੀਆਲੋਜਿਸਟ ਨਾਲ ਪੈਰਵਾਈ ਲਈ ਸਮਾ ਬੁੱਕ ਕੀਤਾ ਜਾਵੇਗਾ।
- ☐ **ਰੈਫ਼ਰ ਕਰਨਾ** - ਵਧੇਰੇ ਟੈਸਟਿੰਗ ਦੀ ਲੋੜ ਹੈ ਹੋਰ ਹੀਰਿੰਗ ਸਕਰੀਨ ਬੁੱਕ ਕਰੋ
- ☐ **ਕੋਈ ਨਤੀਜੇ ਨਹੀਂ** - ਸਕਰੀਨ ਮੁਕੰਮਲ ਨਹੀਂ, ਅਤੇ ਵੱਧ ਟੈਸਟ ਕਰਨ ਦੀ ਲੋੜ ਹੈ

} **ਸੁਣਨ-ਸ਼ਕਤੀ ਦਾ ਸਕਰੀਨ ਕਰਨ ਲਈ ਸਮਾਂ ਬੁੱਕ ਕਰੋ**

ਵਧੇਰੇ ਟੈਸਟਿੰਗ ਕਰਨ ਲਈ ਤਿਆਰੀ ਕਰਨੀ:

- ਟੈਸਟ ਵਾਲੇ ਦਿਨ ਬੇਬੀ ਦੇ ਸਿਰ 'ਤੇ ਲੋਸ਼ਨ ਲਾਉਣ ਤੋਂ ਪਰਹੇਜ਼ ਕਰੋ
- ਐਪੁਆਇੰਟਮੈਂਟ ਤੋਂ ਕੁਝ ਕੁ ਸਮਾਂ ਪਹਿਲਾਂ ਬੇਬੀ ਨੂੰ ਦੁੱਧ ਪਿਲਾਉ

- ਆਪਣੇ ਬੇਬੀ ਨੂੰ ਅਰਾਮ ਨਾਲ ਸੁੱਤਿਆਂ ਜਾਂ ਅਰਾਮ ਕਰਦਿਆਂ ਕਾਰ ਸੀਟ ਵਿੱਚ ਲਿਆਉ, ਅਤੇ ਇਹ ਨਾ

ਭੁੱਲੋ:

- ਬੇਬੀ ਦਾਅਾਂਟੇਰੀਓ ਹੈਲਥ ਕਾਰਡ ਨੰਬਰ (ਜੇ ਉਪਲਬਧ ਹੋਵੇ)
- ਬੇਬੀ ਨੂੰ ਸ਼ਾਂਤ ਰੱਖਣ ਲਈ ਕੰਮਬਲ ਅਤੇ ਹੋਰ ਵਸਤਾਂ:
- ਵੱਧ ਡਾਇਪਰਜ਼ ਅਤੇ ਕੱਪੜੇ

## ਜੇ ਮੇਰਾ ਬੇਬੀ ਅਗਲੇ ਹੀਰਿੰਗ ਸਕਰੀਨ ਵਿੱਚ ਪਾਸ ਨਹੀਂ ਹੁੰਦਾ ਤਾਂ ਕੀ ਹੋਵੇਗਾ?

ਤੁਹਾਡੇ ਬੇਬੀ ਨੂੰ ਇਨਫ਼ੇਂਟ ਹੀਰਿੰਗ ਪ੍ਰੋਗਰਾਮ ਅਧੀਨ ਆਡੀਆਲੋਜਿਸਟ ਕੋਲ ਭੇਜਿਆ ਜਾਵੇਗਾ ਜਿਸ ਪਾਸ ਸੁਣਨ-ਸ਼ਕਤੀ ਦੇ ਮੁਕੰਮਲ ਮੁਲਾਂਕਣ ਲਈ ਸਿਖਲਾਈ ਤੇ ਸਾਜ਼ੋ-ਸਮਾਨ ਹੁੰਦਾ ਹੈ।

## ਇਹ ਪਤਾ ਕਰਨਾ ਕਿ ਕੀ ਤੁਹਾਡੇ ਬੇਬੀ ਦੀ ਸੁਣਨ-ਸ਼ਕਤੀ ਵਿੱਚ ਘਾਟ ਦਾ ਵਧੇਰੇ ਖ਼ਤਰਾ ਹੈ

ਅਜਿਹੇ ਬੇਬੀ ਜਿੰਨ੍ਹਾਂ ਨੂੰ ਸੁਣਨ-ਸ਼ਕਤੀ ਦੀ ਘਾਟ ਦਾ ਖ਼ਤਰਾ ਹੁੰਦਾ ਹੈ ਦੀ ਨਗਰਾਨੀ ਰੱਖੀ ਜਾਵੇਗੀ। ਜਿਹੜੇ ਹਸਪਤਾਲ ਜਾਂ ਦਾਈ ਵੱਲੋਂ ਸਕਰੀਨਿੰਗ ਲਈ ਲਏ ਗਏ ਖ਼ੂਨ ਦੇ ਨਮੂਨਿਆਂ ਦੀ ਹੇਠ ਦਰਜ ਵਾਸਤੇ ਸਕਰੀਨਿੰਗ ਕੀਤੀ ਜਾ ਸਕਦੀ ਹੈ:

- ਸਾਈਟੋਮੈਗਲਾਵਾਇਰਸ (Cytomegalovirus) ਦੀ ਲਾਗ- ਜਨਮ ਸਮੇਂ ਬੇਬੀ ਅਜਿਹੇ ਕੋਈ ਲੱਛਣ ਜ਼ਾਹਰ ਨਹੀਂ ਕਰਦਾ ਕਿ ਬਆਦ ਵਿੱਚ ਉਸ ਨੂੰ ਸੁਣਨ-ਸ਼ਕਤੀ ਦੀ ਘਾਟ ਹੋ ਸਕਦੀ ਹੈ
- ਜਨੈਟਿਕ ਖ਼ਤਰਿਆਂ ਦੇ ਕੁਝ ਆਮ ਕਾਰਨ- ਪਰਿਵਾਰਿਕ ਪਛੋਕੜ ਵਿੱਚ ਸੁਣਨ-ਸ਼ਕਤੀ ਦੀ ਆਮ ਤੌਰ ਤੇ ਕੋਈ ਅਜਿਹੀ ਘਾਟ ਨਹੀਂ ਕਿ ਤੁਹਾਨੂੰ ਇਨ੍ਹਾਂ ਵਿੱਚੋਂ ਇੱਕ ਚੁਣਨਾ ਪਵੇ:

☐ **ਸਹਿਮਤੀ** - ਜੇ ਖ਼ਤਰਾ ਪਾਇਆ ਜਾਂਦਾ ਹੈ ਤਾਂ ਨਤੀਜਿਆਂ ਸਮੇਤ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।

☐ **ਇਨਕਾਰ** - ਤੁਹਾਡੇ ਬੇਬੀ ਦੀ ਖ਼ਤਰੇ ਕਾਰਨ ਸਕਰੀਨ ਨਹੀਂ ਕੀਤੀ ਜਾਵੇਗੀ। ਸੁਣਨ-ਸ਼ਕਤੀ ਵਿੱਚ ਤਬਦੀਲੀਆਂ ਤੁਰਤ ਹੀ ਨਹੀਂ ਲੱਭ ਸਕਦੀਆਂ ਅਤੇ ਬੋਲਣ ਅਤੇ ਭਾਸ਼ਾਈ ਵਿਕਾਸ ਹੋਣ ਵਿੱਚ ਦੇਰ ਲੱਗ ਸਕਦੀ ਹੈ।

## ਕੀ ਮੇਰੇ ਬੱਚੇ ਦੇ ਬਆਦ ਦੇ ਜੀਵਨ ਵਿੱਚ ਸੁਣਨ-ਸ਼ਕਤੀ ਵਿੱਚ ਘਾਟ ਵਾਪਰ ਸਕਦੀ ਹੈ?

ਬਚਪਨ ਦੌਰਾਨ ਸੁਣਨ-ਸ਼ਕਤੀ ਦੀ ਘਾਟ ਵਾਪਰ ਸਕਦੀ ਹੈ। ਜੇ ਤੁਹਾਨੂੰ ਉਨ੍ਹਾਂ ਦੇ ਸੁਣਨ-ਸ਼ਕਤੀ ਜਾਂ ਭਾਸ਼ਾਈ ਵਿਕਾਸ ਬਾਰੇ ਚਿੰਤਾ ਹੋਵੇ ਤਾਂ ਤੁਹਾਨੂੰ ਆਪਣੇ ਬੇਬੀ ਦਾ ਆਡੀਆਲੋਜਿਸਟ ਵੱਲੋਂ ਟੈਸਟ ਕਰਵਾਉਣਾ ਚਾਹੀਦਾ ਹੈ।

ਵਧੇਰੇ ਜਾਣਕਾਰੀ ਲਈ ਕ੍ਰਿਪਾ ਕਰਕੇ ’ਤੇ ਜਾਉ:
**ontario.ca/infanthearing**